ਪੰਜਾਬ ਸਰਕਾਰ
ਸਕੂਲ ਸਿੱਖਿਆ

ਵੱਲ:- (ਵੈਬ ਸਾਇਟ ਰਾਂਹੀ)

1. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ/ਐ.ਸਿ), ਪੰਜਾਬ
2. ਸਮੂਹ ਪ੍ਰਿੰਸੀਪਲ ਡਾਇਟਸ ਪੰਜਾਬ।
3. ਸਮੂਹ ਸਕੂਲ ਮੁੱਖੀ (ਸ.ਸ./ਹਾਈ/ਮਿਡਲ/ਪ੍ਰਾਇਮਰੀ)
4. ਸਮੂਹ ਬੀ.ਪੀ.ਈ.ਓ. ਪੰਜਾਬ

ਮੀਮੋ ਨੰ: AD(Co)/SSE/2018/4011124
ਮਿਤੀ: 12.07.18

ਵਿਸ਼ਾ:- ਏ.ਸੀ.ਆਰ. ਭਰਨ ਸਬੰਧੀ ਧਿਆਨ ਰੱਖਣ ਯੋਗ ਨੁਕਤੇ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਵਿਭਾਗ ਦੁਆਰਾ ਪੱਤਰ ਨੰ: 15/61-2017 ਕੋ.ਸ਼ਾਖਾ (1) /201823152 ਮਿਤੀ: 19.06.2018 ਰਾਂਹੀ ਏ.ਸੀ.ਆਰ. ਭਰਨ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਇਸ ਸਬੰਧ ਵਿੱਚ ਕੁੱਝ ਅਧਿਆਪਕਾਂ ਦੁਆਰਾ ਕੁਝ ਸਵਾਲ ਪੁੱਛੇ ਜਾ ਰਹੇ ਸਨ। ਇਹਨਾਂ ਸਾਰੇ ਮੁੱਦਿਆਂ ਨੂੰ ਵਿਚਾਰਨ ਉਪਰੰਤ ਹੇਠ ਲਿਖੇ ਅਨੁਸਾਰ ਸਪਸਟੀਕਰਨ ਜਾਰੀ ਕੀਤਾ ਜਾਂਦਾ ਹੈ।

2.0 (ੳ) ਅਧਿਆਪਕ ਦੇ ਨਤੀਜੇ ਕਾਲਮ ਵਿੱਚ ਨਤੀਜੇ ਭਰਦੇ ਸਮੇਂ ਧਿਆਨ ਰੱਖਣਯੋਗ ਹੈ ਕਿ ਜੇਕਰ ਅਧਿਆਪਕ ਨੇ ਇੱਕ ਤੋਂ ਵੱਧ ਜਮਾਤਾਂ ਪੜ੍ਹਾਈਆਂ ਹਨ, ਤਾਂ ਔਸਤ ਕੱਢੀ ਜਾਣੀ ਹੈ। ਔਸਤ ਕੱਢਣ ਲਈ ਵਿਦਿਆਰਥੀਆਂ ਦੀ ਗਿਣਤੀ, ਬੋਰਡ ਦਾ ਨਤੀਜਾ, ਅਧਿਆਪਕ ਦੇ ਵਿਸ਼ੇ ਦਾ ਨਤੀਜਾ, ਵਾਧਾ/ਘਾਟਾ ਆਦਿ ਭਰਨ ਤੋਂ ਬਾਅਦ ਕਾਲਮਵਾਰ (Vertically) ਔਸਤ ਕੱਢੀ ਜਾਵੇ। ਇਹ ਔਸਤ ਕੱਢਣ ਤੋਂ ਬਾਅਦ ਜੋ ਵਾਧੇ ਜਾਂ ਘਾਟੇ ਦੀ ਔਸਤ ਆਵੇਗੀ, ਉਸ ਤੋਂ ਅੰਕਾਂ ਦੀ ਗਣਨਾ ਭਾਗ 'ੲ' ਅਨੁਸਾਰ ਕੀਤੀ ਜਾਵੇ, ਨਾ ਕਿ ਅੰਕਾਂ ਦੀ ਗਣਨਾ ਪਹਿਲਾਂ ਕੱਢਣ ਤੋਂ ਬਾਅਦ ਔਸਤ ਕੱਢੀ ਜਾਵੇ।

(ਅ) ਗੁਣਾਤਮਿਕ ਸਿੱਖਿਆ ਲਈ ਅੰਕ ਦੇਣ ਸਮੇਂ 60% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਹਰੇਕ ਵਿਦਿਆਰਥੀ ਲਈ ਇਕ ਅੰਕ ਦਿੱਤਾ ਜਾਣਾ ਹੈ।(ਵੱਧ ਤੋਂ ਵੱਧ ਅੰਕ 8 ਹਨ)

ਇਸੇ ਤਰ੍ਹਾਂ 75% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਹਰੇਕ ਵਿਦਿਆਰਥੀ ਲਈ 2 ਅੰਕ ਦਿੱਤੇ ਜਾਣੇ ਹਨ। (ਵੱਧ ਤੋਂ ਵੱਧ 8 ਅੰਕ ਹਨ)

ਉਦਾਹਰਣ ਦੇ ਤੌਰ ਤੇ ਇੱਕ ਜਮਾਤ ਦੇ 4 ਵਿਦਿਆਰਥੀ 60% ਅੰਕ ਪ੍ਰਾਪਤ ਕਰਦੇ ਹਨ ਅਤੇ 4 ਹੋਰ ਵਿਦਿਆਰਥੀ 75% ਤੋਂ ਵੱਧ ਅੰਕ ਪ੍ਰਾਪਤ ਕਰਦੇ ਹਨ, ਤਾਂ ਅੰਕਾਂ ਦੀ ਗਣਨਾ ਇਸ ਤਰ੍ਹਾਂ ਹੋਵੇਗੀ:-

60% ਅੰਕ ਪ੍ਰਾਪਤ ਕਰਨ ਲਈ ਅੰਕ = 8
75% ਅੰਕ ਪ੍ਰਾਪਤ ਕਰਨ ਲਈ ਅੰਕ = 8
ਕੁੱਲ ਪ੍ਰਾਪਤ ਅੰਕ =16

ਭਾਵ ਜੋ 4 ਵਿਦਿਆਰਥੀ 75 ਪ੍ਰਤੀਸਤ ਅੰਕ ਪ੍ਰਾਪਤ ਕਰ ਰਹੇ ਹਨ, ਉਹਨਾਂ ਲਈ 60% ਤੋਂ ਵੱਧ ਅੰਕ ਪ੍ਰਾਪਤ ਕਰਨ ਦੇ 4 ਅੰਕ ਵੀ ਮਿਲਣਯੋਗ ਹਨ ਅਤੇ 75% ਤੋਂ ਵੱਧ ਅੰਕ ਪ੍ਰਾਪਤ ਕਰਨ ਦੇ 2 ਅੰਕ ਦੇ ਹਿਸਾਬ ਨਾਲ 8 ਅੰਕ ਵੀ ਮਿਲਣਯੋਗ ਹਨ। ਮਤਲਬ ਬਿਲਕੁਲ ਸਾਫ ਹੈ ਕਿ ਜੇਕਰ ਕੋਈ ਵਿਦਿਆਰਥੀ 75% ਤੋਂ ਵੱਧ ਅੰਕ ਪ੍ਰਾਪਤ ਕਰਦਾ ਹੈ ਤਾਂ ਉਸ ਲਈ 60% ਤੋਂ ਵੱਧ ਅੰਕ ਵੀ ਮਿਲਣਯੋਗ ਹਨ ਅਤੇ 75% ਤੋਂ ਵੱਧ ਅੰਕ ਵੀ ਮਿਲਣਯੋਗ ਹਨ।

3.0 ਜੇਕਰ ਕੋਈ ਅਧਿਆਪਕ ਆਪਣੇ ਵਿਸ਼ੇ ਤੋਂ ਇਲਾਵਾ ਕੋਈ ਹੋਰ ਵਿਸ਼ਾ ਪੜ੍ਹਾ ਰਿਹਾ ਹੈ ਤਾਂ ਅਜਿਹੇ ਅਧਿਆਪਕਾਂ ਲਈ ਅੰਕ ਗਣਨਾ ਕਰਨ ਸਮੇਂ ਉਸ ਵਿਸ਼ੇ, ਜਿਸ ਦਾ ਉਹ ਅਧਿਆਪਕ ਹੈ, ਉਸ ਦਾ ਨਤੀਜਾ ਆਪਣੀ ਏ.ਸੀ.ਆਰ. ਅਨੁਸਾਰ ਅਤੇ ਦੂਸਰਾ ਵਿਸ਼ਾ ਜੋ ਉਸ ਦਾ ਆਪਣਾ ਨਹੀਂ ਹੈ, ਪਰ ਪੜ੍ਹਾ ਰਿਹਾ ਹੈ ਤਾਂ ਉਸ ਨਤੀਜੇ ਲਈ ਜਿਹੜਾ ਵਿਸ਼ਾ ਉਹ ਹੋਰ ਪੜ੍ਹਾ ਰਿਹਾ ਹੈ, ਉਸ ਨਾਲ ਸਬੰਧਤ ਏ.ਸੀ.ਆਰ. ਧਿਆਨ ਵਿੱਚ ਰੱਖੀ ਜਾਵੇ। ਇਨ੍ਹਾਂ ਦੋਨਾਂ ਵਿਸਿਆਂ ਦੇ ਨਤੀਜਿਆਂ ਦੇ ਪ੍ਰਾਪਤ ਅੰਕਾਂ ਦੀ ਔਸਤ ਕੱਢ ਲਈ ਜਾਵੇ। ਪਰ ਧਿਆਨ ਰੱਖਿਆ ਜਾਵੇ ਕਿ ਜੇਕਰ ਮੁਸਕਿਲ ਵਿਸ਼ੇ ਵਾਲਾ ਅਧਿਆਪਕ ਕੋਈ ਹੋਰ ਵਿਸ਼ਾ ਨਾਲ ਪੜ੍ਹਾ ਰਿਹਾ ਹੈ, ਪਰ ਉਸ ਦਾ ਆਪਣੇ ਵਿਸ਼ੇ ਦਾ ਨਤੀਜਾ ਨੇਗੈਟਿਵ ਹੈ ਤਾਂ ਦੂਸਰੇ ਹੋਰ ਵਿਸ਼ੇ ਦਾ ਨਤੀਜਾ ਮੰਨਣਯੋਗ ਨਹੀਂ ਹੋਵੇਗਾ।

4.0 ਜੇਕਰ ਕੋਈ ਅਧਿਆਪਕ ਸਬੰਧਤ ਸਾਲ ਦੌਰਾਨ ਇੱਕ ਜਨਵਰੀ ਤੋਂ ਜਮਾਤ ਲੈ ਰਿਹਾ ਹੈ, ਤਾਂ ਨਤੀਜਾ ਉਸ ਤੇ ਪੈਣਾ ਹੈ। ਜੇਕਰ ਕੋਈ ਅਧਿਆਪਕ ਅਖੀਰਲੇ ਮਹੀਨਿਆਂ ਦੌਰਾਨ ਕਿਸੇ ਤਰ੍ਹਾਂ ਦੀ 4 ਮਹੀਨਿਆਂ ਤੋਂ ਵੱਧ ਲੰਬੀ ਛੁੱਟੀ ਤੇ ਰਹਿੰਦਾ ਹੈ, ਤਾਂ ਉਸ ਦੀ ਏ.ਸੀ.ਆਰ. ਵਿੱਚ ਇਸ ਦਾ ਇੰਦਰਾਜ ਕੀਤਾ ਜਾਵੇਗਾ ਅਤੇ ਅੰਕਾਂ ਦੀ ਗਣਨਾ ਨਹੀਂ ਕੀਤੀ ਜਾ ਸਕਦੀ। ਇਸ ਏ.ਸੀ.ਆਰ. ਨੂੰ ਐਟਪਾਰ ਮੰਨ ਲਿਆ ਜਾਵੇਗਾ।

5.0 ਜੇਕਰ ਅਧਿਆਪਕ ਆਪਣੇ ਦੁਆਰਾ ਲਈ ਲੰਬੀ ਛੁੱਟੀ ਤੋਂ ਇਲਾਵਾ 9 ਮਹੀਨੇ ਤੋਂ ਵੱਧ ਸਮਾਂ ਸਕੂਲ ਆਉਂਦਾ ਰਿਹਾ ਹੋਵੇ ਤਾਂ ਉਸ ਦੀ ਜਮਾਤ ਦਾ ਨਤੀਜਾ ਅਧਿਆਪਕ ਲਈ ਗਿਣਨਯੋਗ ਹੋਵੇਗਾ।

ਸਕੱਤਰ
ਸਕੂਲ ਸਿੱਖਿਆ, ਪੰਜਾਬ।

ਪਿੱਠ ਅੰਕਿਤ ਨੰ: ਉਕਤ ਮਿਤੀ: 12.07.18

ਉਪਰੋਕਤ ਦਾ ਉਤਾਰਾ ਹੇਠ ਲਿੱਖਿਆ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ :-

1. ਪੀ.ਏ.ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਡੀ.ਜੀ.ਐਸ.ਈ.ਪੰਜਾਬ।
3. ਡੀ.ਪੀ.ਆਈ.(ਸੈ.ਸਿ), ਪੰਜਾਬ।
4. ਡੀ.ਪੀ.ਆਈ (ਐ.ਸਿ), ਪੰਜਾਬ
5. ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ।

ਸਕੱਤਰ
ਸਕੂਲ ਸਿੱਖਿਆ, ਪੰਜਾਬ।